ੴ ਵਾਹਿਗੁਰੂ ਜੀ ਕੀ ਫ਼ਤਹ॥

ਹਥਲੀ ਲੇਖਣੀ ਸਿਰਫ ਇੱਕ ਸੰਖੇਪ ਜਾਣਕਾਰੀ ਲਈ ਗੁਰਸਿਖਾਂ ਦੇ ਸੁਝਾਅ ਮੰਨਦੇ ਹੋਏ ਪੇਸ਼ ਕੀਤੀ ਗਈ ਹੈ ਜੀ।

**ਸਵਾਲ:** ਕੀ ਅਖੰਡ ਕੀਰਤਨੀ ਜੱਥੇ ਦੇ ਜਥੇਦਾਰ ਨੂੰ 31 ਮੈਂਬਰੀ ਸੇਵਾ ਮੁਕਤ ਕਰਨ ਦਾ ਅਧਿਕਾਰ ਰੱਖਦੀ ਹੈ?

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਨਾਮ ਕਮਾਈ ਦੁਆਰਾ ਹੋਂਦ ਵਿੱਚ ਆਏ ਅਖੰਡ ਕੀਰਤਨੀ ਜਥੇ ਵਿਚ ਨਾਮ ਰਤੜੀਆਂ ਰੂਹਾਂ ਨੇ ਜਨਮ ਲਿਆ। ਕਹਿਣੀ ਅਤੇ ਕਥਨੀ ਦੇ ਸੂਰੇ ਸ਼ਹੀਦ ਭਾਈ ਫੌਜਾ ਸਿੰਘ ਜੀ, ਭਾਈ ਅਨੋਖ ਸਿੰਘ ਜੀ ਬੱਬਰ ਸਮੇਤ ਅਨੇਕਾਂ ਹੀ ਸ਼ਹੀਦ ਸਿੰਘ-ਸਿੰਘਣੀਆਂ ਖ਼ਾਲਸਾ ਪੰਥ ਨੂੰ ਅਰਪਿਤ ਕੀਤੇ। ਅੱਜ ਵੀ ਭਾਈ ਸਾਹਿਬ ਅਤੇ ਇਹਨਾਂ ਸ਼ਹੀਦਾਂ ਦੀ ਬਦੌਲਤ ਜਥੇ ਦੇ ਅਨੇਕ ਸਿੰਘ-ਸਿੰਘਣੀਆਂ ਨਾਮ-ਬਾਣੀ ਦੇ ਰੰਗ ਮਾਣ ਰਹੇ ਹਨ।

**ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥**
**ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥**(ਪੰਨਾ ੩੦੬)

ਨਾਮ-ਬਾਣੀ ਦਾ ਅਹਾਰ ਹੋਣ ਦੇ ਬਾਵਜੂਦ ਜਥੇ ਦੇ ਪ੍ਰਬੰਧ ਨੂੰ ਲੈ ਕੇ ਅੱਜ ਉਪਰੋਕਤ ਸਵਾਲ ਉੱਠ ਖਲੋਤਾ ਹੈ। ਇਸ ਸਵਾਲ ਦਾ ਜਵਾਬ ਗੁਰਮਤਿ ਅਤੇ ਤੱਥਾਂ ਦੀ ਰੋਸ਼ਨੀ ਵਿੱਚ ਲੱਭਣ ਦਾ ਯਤਨ ਕਰਦੇ ਹਾਂ। ਦਾਸ 31 ਮੈਂਬਰੀ ਕਮੇਟੀ ਰਾਹੀ ਸੰਗਤ ਦੀ ਸੇਵਾ ਵਿੱਚ ਵਿਚਰਦਾ ਰਿਹਾ ਹੋਣ ਕਰਕੇ ਗੁਰਸਿੱਖਾਂ ਵਲੋਂ ਇਹ ਪ੍ਰੇਰਣਾ ਹੋਈ ਕਿ ਸੰਗਤ ਅੱਗੇ ਇਸ ਸਬੰਧਤ ਤੱਥ ਰੱਖੇ ਜਾਣੇ। ਪਹਿਲਾਂ ਤਾਂ ਇਹ ਵੇਖੀਏ ਕਿ ਇਹ ਸਵਾਲ ਖੜਾ ਹੀ ਕਿਉਂ ਹੋਇਆ। ਉਸਦਾ ਕਾਰਨ ਇਹ ਬਣ ਰਿਹਾ ਹੈ ਕਿ ਮਿਤੀ 29 ਸਤੰਬਰ ਨੂੰ 31 ਮੈਂਬਰੀ ਨੇ ਮਰਯਾਦਾ ਦੀ ਉਲੰਘਣਾ ਕਰਕੇ ਅਖੰਡ ਕੀਰਤਨੀ ਜੱਥੇ ਦੇ ਜਥੇਦਾਰ ਨੂੰ ਸੇਵਾ ਮੁਕਤ ਕਰਨ ਦਾ ਪ੍ਰੈਸ ਨੋਟ (ਚਿੱਤਰ 1) ਜਾਰੀ ਕੀਤਾ ਹੈ। ਸੰਗਤਾਂ ਦੀ ਮੰਗ ‘ਤੇ ਇਸਦੇ ਸਪਸ਼ਟੀਕਰਨ ਵਜੋਂ ਜਥੇਦਾਰ ਜੀ ਦਾ ਵੀ ਪੱਤਰ (ਚਿੱਤਰ 2 ਭਾਗ 1, 2) ਜਾਰੀ ਹੋਇਆ ਹੈ। ਅੱਤ ਤਾਂ ਉਦੋਂ ਹੋਈ ਜਦੋਂ 31 ਮੈਂਬਰੀ ਨੇ ਕੁੱਝ ਇਕ ਅਖਬਾਰਾਂ ਵਿੱਚ ਖਬਰ ਵੀ ਲਗਵਾ ਦਿੱਤੀ ਹੈ। ਜਿਸ ਕਾਰਨ ਜਥੇ ਅੰਦਰ ਵਿਸਫੋਟਕ ਸਥਿਤੀ ਪੈਦਾ ਹੋ ਗਈ ਹੈ। ਮਿਲ ਬੈਠ ਕੇ ਨਾਮ-ਬਾਣੀ ਦੀਆਂ ਛਹਿਬਰਾਂ ਲਾਉਣ ਵਾਲੇ ਜੱਥੇ ਅੰਦਰ ਅੱਜ ਇਕ ਦੂਜੇ ਪ੍ਰਤੀ ਨਫਰਤ ਨਾਲ ਬੋਲ-ਕਬੋਲ ਹੋ ਰਹੇ ਹਨ। ਸਾਡੇ ਗੁਰਦੇਵ ਪਿਤਾ ਤਾਂ ਸਾਨੂੰ ਦੱਸ ਰਹੇ ਹਨ ਕਿ “**ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥**” ਪਰ ਸਾਡੇ ਹੀ ਭਾਈ ਅੱਜ ਅਖਬਾਰਾਂ ਰਾਹੀ ਨਫਰਤ ਵੰਡ ਰਹੇ ਹਨ।


ਕਾਰਨ ਕੀ ਹੈ? ਮੂਲ਼ ਕਾਰਨ ਇਹ ਹੈ ਕਿ ਅਸੀਂ ਪੰਜ ਵਿਕਾਰਾਂ ਦੇ ਅਧੀਨ ਹਾਂ, ਗੁਰੂ ‘ਤੇ ਭਰੋਸਾ ਨਹੀਂ। ਦੂਜਾ ਸਾਡੀ ਨਾਸਮਝੀ ਵੀ ਇਸਦਾ ਹਿੱਸਾ ਬਣ ਰਹੀ ਹੈ। ਦਾਸ ਨੂੰ ਇਹ ਸਮਝਾਉਣ ਦੀ ਲੋੜ ਨਹੀਂ ਕਿ ਸਿੱਖ ਕੋਣ ਹੁੰਦਾ ਹੈ ਜਾਂ ਅਖੰਡ ਕੀਰਤਨੀ ਜੱਥੇ ਦਾ ਪਿਛੋਕੜ ਕੀ ਹੈ ਜਾਂ ਰਹਿਤ-ਰਹਿਣੀ ਆਦਿਕ ਕੀ ਹੈ। ਇਹਨਾਂ ਗੱਲਾਂ ਬਾਰੇ ਸਭ ਜਾਣਦੇ ਹਨ ਬਾਕੀ:

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥** (ਪੰਨਾ ੧੩੭੬)

ਸਾਡੀ ਹਾਲਤ ਇਹ ਹੈ ਕਿ ਹੱਥ ਵਿੱਚ ਦੀਪਕ ਹੁੰਦੇ ਹੋਏ ਵੀ ਖੂਹ ਵਿੱਚ ਡਿੱਗ ਰਹੇ ਹਾਂ। ਸੰਖੇਪ ਵਿਚ ਰਹਿੰਦੇ ਹੋਏ ਆਪਾਂ ਉਪਰੋਕਤ ਸਵਾਲ ਦੇ ਠੋਸ ਜਵਾਬ ਵੱਲ ਵਧਦੇ ਹਾਂ। ਸੰਗਤ ਵਿੱਚ ਇਸ ਵਖ਼ਤ ਬੇ-ਰਸੀ ਦਾ ਮਾਹੋਲ 31 ਮੈਂਬਰੀ ਦਾ ਨਾਮ ਵਰਤ ਦੇ ਕੁੱਝ ਇਕ ਮੈਂਬਰਾਂ (12-13) ਵਲੋਂ ਇਕ ਅਣਅਧਿਕਾਰਤ ਪ੍ਰੈੱਸ ਨੋਟ ਜਾਰੀ ਕੀਤਾ ਹੈ। 31 ਮੈਂਬਰੀ ਦੀ ਸਥਾਪਨਾ ਪਿਛੇ ਚੰਗੀ ਮਨਸ਼ਾ ਸੀ। ਇਸ ਰਾਹੀ ਗੁਰ-ਮਰਯਾਦਾ ਦੀ ਇਕਸਾਰਤਾ ਅਤੇ ਏਕਤਾ ਦਾ ਮਾਹੌਲ ਸਿਰਜਣਾ ਸੀ। ਇਸਦੇ ਵਿਧੀ-ਵਿਧਾਨ ਦਾ ਛੋਟਾ ਜਿਹਾ ਖਰੜਾ ਮਤਿਆ ਦੇ ਰੂਪ ਵਿੱਚ ਹੀ ਹੈ। ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਵੀ ਕੰਮ- ਕਾਜ ਲਈ ਸਥਾਈ ਸੰਵਿਧਾਨ ਨਹੀਂ ਬਣ ਸਕਿਆ। ਸ਼ੁਰੂ-ਸ਼ੁਰੂ ਵਿੱਚ ਬੜੇ ਹੀ ਚਾਉ ਮਾਉ ਨਾਲ ਸੇਵਾ ਹੋਈ। ਸੁਚਾਰੂ ਢੰਗ ਨਾਲ ਚਲਣ ਲਈ ਗੁਰਮਤਿ ਦੀ ਰੌਸ਼ਨੀ ਅੰਦਰ ਇਕ ਸਾਦਾ ਜਿਹਾ ਖਾਕਾ (Flow Chart) ਅਪਣਾਇਆ ਹੋਇਆ ਸੀ। ਸਭ ਤੋਂ ਉਪਰ ਦੀਨ ਦੁਨੀ ਦੇ ਮਾਲਕ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਤਿਨ੍ਹਾਂ ਦੀ ਹਜ਼ੂਰੀ ਅੰਦਰ ਪੰਜ ਪਿਆਰੇ। ਪੰਜਾਂ ਪਿਆਰਿਆਂ ਦੇ ਅਧੀਨ ਜੱਥੇਦਾਰ ਜੀ। ਉਵੇਂ ਜਿਵੇਂ ਦਸਮ ਪਾਤਸ਼ਾਹ ਜੀ ਨੇ ਬਾਬਾ ਬੰਦਾ ਬਹਾਦਰ ਜੀ ਨੂੰ ਥਾਪੜਾ ਦੇ ਕੇ ਪੰਜ ਪਿਆਰਿਆਂ ਦੇ ਅਧੀਨ ਪੰਜਾਬ ਵੱਲ ਤੋਰਿਆ ਸੀ। ਇਸੇ ਮਰਯਾਦਾ ਨੂੰ ਹੀ ਅਪਣਾਇਆ ਹੋਇਆ ਸੀ।

ਉਸਤੋਂ ਬਾਅਦ ਥੱਲੇ ਆਈ 31 ਮੈਂਬਰੀ ਕਮੇਟੀ ਅਤੇ ਇਸ ਨਾਲ ਪੰਜ ਸਹਿ ਕਮੇਟੀਆਂ। ਜਿਸ ਵਿੱਚ ਵੱਖ-ਵੱਖ ਖੇਤਰ ਦੇ ਮਾਹਰ ਸਿੰਘ-ਸਿੰਘਣੀਆਂ ਦਾ ਸਹਿਯੋਗ ਲਿਆ ਜਾਣਾ ਸੀ। ਭਾਵੇਂ ਕਿ ਇਹ ਸਹਿ ਕਮੇਟੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਹੀਂ ਬਣ ਸਕੀਆਂ ਜਿਵੇਂ ਕਿ 31 ਮੈਂਬਰ ਵੀ ਪੂਰੇ ਨਹੀਂ ਹੋ ਸਕੇ। ਪਰ ਫਿਰ ਵੀ ਕੰਮ ਕਾਜ ਲਈ ਇਹ ਖਾਕਾ ਸਹਾਇਕ ਬਣਿਆ।

ਜਥੇਦਾਰੀ ਦੀ ਸੇਵਾ ਸੌਂਪਣੀ, ਸੇਵਾ ਨੂੰ ਜਾਰੀ ਰੱਖਣਾ ਜਾਂ ਨਹੀਂ ਜਾਂ ਸੇਵਾ ਮੁਕਤੀ ਕਰਨੀ ਇਹ ਪੰਜਾਂ ਪਿਆਰਿਆ ਦਾ ਅਧਿਕਾਰ ਖੇਤਰ ਹੈ। 31 ਮੈਂਬਰੀ ਦੀ ਸੇਵਾ ਅਤੇ ਸੇਵਾ ਮੁਕਤੀ ਲੋਕਲ ਸੰਗਤਾਂ ਨੇ ਕਰਨੀ ਸੀ। ਅੱਗੋਂ 31 ਮੈਂਬਰੀ ਕੋਲ ਸਹਿ ਕਮੇਟੀਆਂ ਦੀ ਸੇਵਾ ਜਾਂ ਸੇਵਾ ਮੁਕਤੀ ਕਰ ਸਕਣ ਦਾ ਅਧਿਕਾਰ ਸੀ। ਕਮੇਟੀਆਂ ਬਣਾਉਣ ਦਾ ਮਤਾ ਪਾਸ ਹੋਣ ਤੇ ਬਾਵਜੂਦ ਅੱਜ ਤੱਕ ਹੋਰ ਸੁਹਿਰਦ ਸਿੰਘਾਂ ਨੂੰ ਲੈ ਕੇ ਸਬ ਕਮੇਟੀਆਂ ਵੀ ਨਹੀਂ ਬਣਾ ਸਕੇ। ਇਸ ਖਾਕੇ ਤੋਂ ਕਿਸੇ ਵਿਆਖਿਆ ਦੀ ਲੋੜ ਨਹੀਂ ਰਹਿ ਜਾਂਦੀ ਕਿ 31 ਮੈਂਬਰੀ ਨਾ ਤਾਂ ਜਥੇਦਾਰ ਥਾਪ ਸਕਦੀ ਸੀ ਅਤੇ ਨਾ ਹੀ ਸੇਵਾ ਮੁਕਤ ਕਰ ਸਕਦੀ ਸੀ। ਹਾਂ ਪੰਚਾਂ ਕੋਲ ਪਹੁੰਚ ਕਰ ਸਕਦੀ ਹੈ। ਅੱਗੋਂ ਪੰਜਾਂ ਪਿਆਰਿਆਂ ਵਲੋਂ ਮੰਨਜ਼ੂਰ ਕਰਨ ਜਾਂ ਨਾ-ਮੰਨਜ਼ੂਰ ਕਰਨਾ ਹੈ ਉਹਨਾਂ ਹੱਥ ਹੈ। ਇਸ ਗੁਰਮਤਿ ਵਿਧਾਨ ਤੋਂ ਉੱਪਰ ਭਲਾ ਦੁਨੀਆ ਦਾ ਹੋਰ ਵਿਧਾਨ ਕੀ ਹੋ ਸਕਦਾ ਹੈ? ਪੂਰਾ check and balance ਹੈ।


ਜਥਾ ਸੰਚਾਲਨ

ਜੱਥੇ ਦੇ ਪ੍ਰਬੰਧ ਨੂੰ ਸੁਯੋਗ ਅਤੇ ਲੰਬੇ ਸਮੇਂ ਤੱਕ ਚਲਾਉਣ ਲਈ ਇਕ ਠੋਸ ਢਾਂਚੇ ਦੀ ਲੋੜ ਹੈ। ਜੋ ਕਿ ਬਹੁਤਾ ਕਠਨ ਨਾ ਹੋ ਕੇ ਕੁੱਝ ਇਕ ਢੁਕਵੇਂ ਯਤਨਾਂ ਸਦਕਾ ਹੀ ਬਣ ਸਕੇ ਅਤੇ ਨਿਭ ਸਕੇ। ਉਸ ਵਾਸਤੇ ਹਥਲਾ ਖਾਕਾ ਤਿਆਰ ਕੀਤਾ ਗਿਆ ਹੈ ਤਾਂ ਕਿ ਸੌਖੇ ਤਰੀਕੇ ਦੁਆਰਾ ਸਮਝਿਆ ਜਾ ਸਕੇ।

ਸ਼ੋ ਇਸ ਖਾਕੇ ਤੋਂ ਸਪੱਸ਼ਟ ਹੁੰਦਾ ਹੈ 31 ਮੈਂਬਰੀ ਜਥੇਦਾਰ ਦੇ ਅਧੀਨ ਇਕ ਸਹਾਇਕ ਵਜੋਂ ਹੀ ਸੀ। ਇਸ ਵਿਧਾਨ ਮੁਤਾਬਿਕ ਜਥੇਦਾਰ ਜੀ ਨੂੰ ਸੇਵਾ ਵਿੱਚ ਲਾਉਣਾ ਜਾਂ ਹਟਾਉਣਾ ਕਿਤਓ ਵੀ ਨਜ਼ਰ ਨਹੀਂ ਆਉਂਦਾ। ਤਾਂ ਤੇ 31 ਮੈਂਬਰੀ ਨਾ ਨਾਮ ਵਰਤ ਕੇ 9 ਮੈਬਰਾਂ ਵਲੋਂ 15 ਅਕਤੂਬਰ 2021 ਨੂੰ ਜਥੇਦਾਰ ਜੀ ਨੂੰ ਜ਼ਲੀਲ ਕਰਨ ਵਾਸਤੇ ਅਧਿਕਾਰ ਖੋ ਲੈਣ ਦੀ ਚਿੱਠੀ (ਚਿੱਤਰ ੩) ਕੱਢਣੀ, ਗੁਰਮਤਿ ਵਿਧਾਨ ਦੀ ਘੋਰ ਉਲੰਘਣਾ ਹੈ। ਇਹਨਾਂ 9 ਮੈਬਰਾਂ ਨੇ ਹੀ ਆਪਣੀ ਮਰਜ਼ੀ ਨਾਲ ਅਖੰਡ ਕੀਰਤਨੀ ਜਥੇ ਦੇ ਪ੍ਰਬੰਧ ਲਈ ਇਕ ਪੰਜ ਮੈਂਬਰੀ ਕਮੇਟੀ ਦੋ ਸਾਲ ਲਈ ਐਲਾਨ ਦਿੱਤੀ। ਇਹ ਅਧਿਕਾਰ ਵੀ ਕਿਸ ਨੇ ਦਿੱਤਾ? ਇਹਨਾਂ ਨੂੰ ਪੁੱਛੋ ਹੁਣ ਕਿਥੇ ਹੈ ਤੁਹਾਡੀ ਦੋ ਸਾਲ ਲਈ ਬਣਾਈ ਪੰਜ ਮੈਂਬਰੀ ਕਮੇਟੀ? ਦੁਬਾਰਾ ਫੇਰ ਹੁਣ ਤੁਸੀ 31 ਮੈਂਬਰੀ ਦਾ ਨਾਮ ਵਰਤ ਕੇ ਗੁਰਮਤਿ ਦੀਆਂ ਧੱਜੀਆਂ ਉਡਾ ਕੇ ਮਿਤੀ 29 ਸਤੰਬਰ 2022 ਨੂੰ Zoom meeting ਕਰਕੇ ਜਥੇਦਾਰ ਜੀ ਨੂੰ ਸੇਵਾ ਮੁਕਤ ਕਰਨ ਦਾ ਸੁਆਂਗ ਰਚਿਆ ਹੈ। ਜਿਸਨੇ ਸੰਗਤਾਂ ਵਿੱਚ ਨਫਰਤ ਦਾ ਮਾਹੌਲ ਸਿਰਜ ਦਿੱਤਾ ਹੈ। ਕੈਸਾ ਮਖੋਲ ਵਰਤ ਰਿਹਾ ਕਿ ਕਦੀ ਇਹਨਾ ਪੰਜ ਮੈਂਬਰੀ ਬਣਾ ਲਈ, ਕਦੇ ਢਾਹ ਲਈ, ਕਦੇ ਗਿਆਰਾਂ ਮੈਂਬਰੀ ਬਣਾ ਲਈ ਜਾਂ ਢਾਹ ਲਈ। ਕਦੀ 9 ਮੈਂਬਰ 31 ਮੈਂਬਰੀ ਹੋਣ ਦਾ ਦਾਅਵਾ ਬੰਨਦੇ ਹਨ। ਕਦੀ 12-13 ਮੈਂਬਰ 31 ਅਖਵਾਉਣ ਲੱਗ ਪੈਂਦੇ ਹਨ। ਇਹ ਕੀ ਗਧੀ-ਗੇੜ ਜਿਹਾ ਇਹਨਾਂ ਪਾਇਆ ਹੋਇਆ ਹੈ? ਹਉਮੈ ਅਧੀਨ ਸੰਗਤ ਨੂੰ ਕਿਉਂ ਦੁਖੀ ਕਰ ਰਹੇ ਹਨ? ਦਾਸ ਇਹ ਤਾਂ ਕਹਿ ਨਹੀਂ ਸਕਦਾ ਇਸ ਪਿੱਛੇ ਕਿਹੜੀਆਂ ਸ਼ਕਤੀਆਂ ਦਾ ਹੱਥ ਹੈ। ਪਰ ਇੱਕ ਗੱਲ ਪੱਕੀ ਹੈ ਕਿ ਇਹ ਗੁਰਸਿੱਖਾਂ ਵਾਲਾ ਕੰਮ ਨਹੀਂ।

ਸੰਗਤ ਦੇ ਮਨ ਵਿੱਚ ਸ਼ਾਇਦ ਸਵਾਲ ਆਵੇ ਕਿ ਕਦੇ ਇਹ ਦਿੱਤੇ ਵਿਧਾਨ ਉੱਪਰ ਚੱਲੇ ਵੀ? ਇਸਤਰ੍ਹਾ ਨਹੀਂ ਹੈ ਕਿ ਉਪਰ ਦਿੱਤੇ ਵਿਧਾਨ ਨੂੰ ਵਰਤਿਆ ਨਹੀਂ ਗਿਆ, ਕਮੇਟੀ ਇਸ ਮੁਤਾਬਿਕ ਚੱਲੀ ਸੀ। ਜਦ ਦਾਸ ਸੇਵਾ ਵਿੱਚ ਸੀ ਤਾਂ ਸੰਨ 2019 ਅੰਦਰ ਕੁੱਝ ਲੋਕਾਂ ਵਲੋਂ ਜਥੇਦਾਰ ਜੀ ਪ੍ਰਤੀ ਵਿਰੋਧਤਾ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ। ਸੁਭਾਵਿਕ ਹੈ ਕਿ ਪ੍ਰਬੰਧਕੀ ਢਾਂਚੇ ਨੂੰ ਚਲਾਉਦਿਆਂ ਵਿਚਾਰਾਂ ਦਾ ਵਖਰੇਵਾਂ ਕਈ ਵਾਰ ਆ ਜਾਂਦਾ ਹੈ। ਪਰ ਉਸ ਸਥਿਤੀ ਨੂੰ ਕਿਵੇਂ ਸੰਭਾਲਨਾ ਹੈ ਇਹੀ ਜੁਗਤ ਹੈ। Conflict management ਕਰਨ ਦੀ ਜੁਗਤ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਦਿੱਤੀ ਹੋਈ ਹੈ। ਸਥਿਤੀ ਵਿਸਫੋਟਕ ਨਾ ਬਣੇ ਤਾਂ ਉਸ ਸਮੇਂ 31 ਮੈਂਬਰੀ ਨੇ ਵਿਧਾਨ ਮੁਤਾਬਿਕ ਜਥੇਦਾਰ ਜੀ ਨੂੰ ਸਤਿਕਾਰ ਸਹਿਤ ਪੱਤਰ ਭੇਜਿਆ। ਜਥੇਦਾਰ ਜੀ ਤੋਂ ਸਮਾਂ ਲੈ ਕੇ ਬਕਾਇਦਾ ਸਤਿਕਾਰ ਸਹਿਤ ਇਕ ਏਲਚੀ ਸਿੰਘ ਜਥੇਦਾਰ ਜੀ ਦੇ ਬੂੰਗੇ ਭੇਜ ਕੇ ਪੱਤਰ ਸੌਂਪਿਆ ਗਿਆ। ਇਸ ਪੱਤਰ ਰਾਹੀ ਜਥੇਦਾਰ ਜੀ ਨੂੰ ਪੰਜਾਂ ਪਿਆਰਿਆਂ ਦੇ ਹਾਜ਼ਰ ਹੋਣ ਦੀ ਬੇਨਤੀ ਕੀਤੀ ਗਈ। ਜਥੇਦਾਰ ਜੀ ਨੇ ਸਿਰ ਮੱਥੇ ਕਬੂਲ ਕੀਤੀ। ਸਮਾਂ ਅਤੇ ਗੁਰਦੁਆਰਾ ਸਾਹਿਬ ਦਾ ਅਸਥਾਨ ਦੱਸਿਆ ਗਿਆ। 31 ਮੈਂਬਰੀ ਅਤੇ ਜਥੇਦਾਰ ਜੀ ਦੀ ਸਹਿਮਤੀ ਨਾਲ ਪੰਚਾਂ ਦੀ ਸੇਵਾ ਕਰਨ ਲਈ 7-8 ਸਿੰਘਾਂ ਦੇ ਨਾਮ ਸੁਝਾਏ ਗਏ। ਆਸ ਸੀ ਕਿ ਮਸਲਾ ਸੁਲਝ ਜਾਵੇਗਾ। ਪਰ ਇਸ ਗੱਲ ਦੀ ਹੈਰਾਨੀ ਹੋਈ ਕਿ ਗੁਰਮਤਿ ਨੂੰ ਢਾਹ ਲਾਉਣ ਵਾਲੇ ਸਾਡੇ ਵਿੱਚ ਹੀ ਹਨ। ਜਥੇਦਾਰ ਜੀ ਜਦੋਂ ਨੀਯਤ ਸਮੇਂ ਤੇ ਪੰਜਾਂ ਪਿਆਰਿਆਂ ਦੇ ਸਮਾਗਮ ਵਿੱਚ ਹਾਜ਼ਰ ਹੋਣ ਲਈ ਪਹੁੰਚ ਗਏ ਤਾਂ ਅੱਗੋ ਜਿਹਨਾਂ ਨੇ ਗੁਰਮਤਿ ਅਨੁਸਾਰ ਸਮਾਗਮ ਰਚਾਉਣਾ ਸੀ ਉਹ ਉਥੇ ਤੀਹ-ਚਾਲੀ ਸਿੰਘਾਂ ਸਮੇਤ ਬੈਠ ਗਏ ਕਿ ਅਸੀਂ ਤਾਂ ਇਥੇ ਪੇਸ਼ੀ ਲਵਾਂਗੇ। ਗੁਰਮਤਿ ਸਮਾਗਮ ਕਰਨ ਦਾ ਜਿਹੜਾ ਭਰੋਸਾ ਦਿੱਤਾ ਸੀ ਉਹ ਨਹੀਂ ਕੀਤਾ। ਅਖੰਡ ਕੀਰਤਨੀ ਜਥੇ ਦੇ ਜਥੇਦਾਰ ਦੀ ਤੌਹੀਨ ਕੀਤੀ ਗਈ, ਖੁੱਲੇ ਆਮ ਵਿਚਾਰਾਂ ਸ਼ੁਰੂ ਕਰ ਦਿੱਤੀਆ। ਪਰ ਫਿਰ ਵੀ ਗੁਰੂ ਸਾਹਿਬ ਜੀ ਨੇ ਕੋਈ ਟਕਰਾਅ ਪੈਦਾ ਹੋਣੋ ਬਚਾ ਲਿਆ।

ਓਸ ਵਖਤ ਕਮੇਟੀ ਦੀ ਇਹ ਪਹਿਲੀ ਵਾਰ ਦੀ ਭਾਰੀ ਖਾਮੀ ਰਹਿ ਗਈ ਕਿ ਮਸਲਾ ਹੱਲ ਹੋਣ ਦੇ ਕਿਨਾਰੇ ਤੋਂ ਵਾਪਸ ਪਰਤ ਗਿਆ। ਪਰ ਇੱਕ ਗੱਲ ਸਪੱਸ਼ਟ ਸੀ ਕਿ ਜਥੇਦਾਰ ਜੀ ਨੇ ਆਪਣੀ ਜਿੰਮੇਵਾਰੀ ਸਮਝਦੇ ਹੋਏ ਸਥਿਤੀ ਵਿਗੜਨ ਨਹੀਂ ਦਿੱਤੀ। ਦਾਸ ਨੇ ਇਸ ਵਾਕਿਆ ਤੋਂ ਬਾਅਦ ਇਹ ਗੱਲ ਮਹਿਸੂਸ ਕਰ ਲਈ ਸੀ ਕਿ ਸਾਡੇ ਵਿੱਚੋਂ ਹੀ ਹਨ ਜੋ 31 ਦੇ ਵਿਧਾਨ ਨੂੰ ਨਹੀਂ ਚਲਣ ਦੇਣਗੇ। ਅੱਜ ਉਸਦਾ ਵਿਰਾਟ ਰੂਪ ਸੰਗਤਾਂ ਅੱਗੇ ਹੈ, ਕਿਵੇਂ 31 ਮੈਂਬਰੀ ਦੇ ਨਾਮ ਦੀ ਦੁਰ ਵਰਤੋਂ ਕਰ ਕੇ ਸੰਗਤ ਅੰਦਰ ਲੜਾਈ ਛੇੜ ਦਿੱਤੀ। ਸਿਆਣਾ ਕਿਸਨੂੰ ਆਖਦੇ ਹਨ ਜੋ ਲੜਾਈ ਮੁਕਾਵੇ ਜਾਂ ਜਿਹੜਾ ਲੜਾਈ ਪਾਵੇ? ਜੇਕਰ ਵਿਧੀ ਮੁਤਾਬਿਕ ਚਲਦੇ ਹੋਣ ਤਾਂ ਕਿਉਂ ਮਸਲਾ ਨਹੀਂ ਹੱਲ ਹੋ ਸਕਦਾ? ਪਰ ਕਮੀ ਤਾਂ ਆਪਣੇ ਅੰਦਰ ਹੈ। ਹੁਣ ਇਹਨਾਂ ਵਲੋਂ ਅਖਬਾਰਾਂ ਦੀਆਂ ਖਬਰਾਂ ਬਨਾਉਣਾ ਕਿਥੇ ਦੀ ਸਿਆਣਪ ਹੈ? ਕੀ ਇਸ ਤਰ੍ਹਾ ਕਰਕੇ ਜੱਥੇ ਦੇ ਨਾਮ-ਕਮਾਈਆਂ ਵਾਲੇ ਰੰਗਲੇ ਸੱਜਣਾ ਨੂੰ ਨੀਚਾ ਦਿਖਾਉਣਾ ਨਹੀਂ ਹੈ। ਅਖਬਾਰਾਂ ਵਿੱਚ ਜਥੇ ਦੇ ਵਿਵਾਦ ਨੂੰ ਉਛਾਲਣਾ ਵੀ ਪੰਜ ਪਿਆਰਿਆਂ ਦੇ ਹੁਕਮ ਵਾਲੀ ਜਾਣਕਾਰੀ (ਚਿੱਤਰ ੪ ) ਅਨੁਸਾਰ ਉਲੰਘਣਾ ਹੀ ਹੈ। ਇਸ ਵਿਚ ਸਾਵਧਾਨ ਕੀਤਾ ਹੋਇਆ ਕਿ ਅੱਗੇ ਤੋਂ ਅਖਬਾਰਾਂ ਵਿਚ ਜਥੇ ਦੇ ਮਸਲੇ ਨਾ ਉਠਾਏ ਜਾਣ। ਬਾਕੀ ਪੰਚਾ ਦੇ ਹੁਕਮ ਦੀ ਉਲੰਘਣਾ ਕਰਨ ਵਾਲਾ ਤਾਂ ਤਨਖਾਈਆ ਹੋ ਜਾਂਦਾ ਹੈ। ਇਕ ਭੱਦਰ ਪੁਰਸ਼ ਜੀ ਉਟੰਕਣ ਕਰਕੇ ਵਿਚਾਰ ਦਿੰਦੇ ਹਨ ਕਿ ਇਹ ਹੁਕਮ ਪੰਚਾਇਣ ਲਈ ਸੀ ਸਾਡੇ ਤੇ ਲਾਗੂ ਨਹੀਂ ਹਨ ਕਿਉਂਕਿ ਅਸੀਂ official AKJ ਹਾਂ। ਗੁਰੂ ਜਾਣੇ ਜਥਾ official ਜਾਂ non-official ਕਦੋਂ ਤੋਂ ਹੋ ਗਿਆ? ਇਹ ਹੁਣ ਨਵਾਂ ਹੀ ਮਨਮਤੀ ਸ਼ੋਸ਼ਾ ਛਡਿਆ ਗਿਆ ਹੈ। ਕੀ ਸੋਚ ਹੈ 31 ਮੈਂਬਰੀ 'ਤੇ ਕਾਬਜ਼ ਆਗੂਆ ਦੀ ਉਹ ਹੁਣ ਲੁਕੀ ਨਹੀਂ ਰਹੀ। ਇਹਨਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਗੁਰਮਤਿ ਦਾ ਅਟੱਲ ਅਸੂਲ ਹੈ ਕਿ:

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥**
**ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥** (ਪੰਨਾ ੬੪੭)

ਕਿਸੇ ਵੀ ਪਰਥਾਏ ਹੁਕਮ ਲਿਖੇ ਹੋਵਣ ਉਹ ਗੁਰਸਿੱਖਾਂ ‘ਤੇ ਲਾਗੂ ਹੁੰਦੇ ਹਨ, ਗੁਰਮੁਖ ਤਾਂ ਇਸਤੇ ਭਉ ਰੱਖਦੇ ਹਨ। ਨਹੀਂ ਤਾਂ ਫਿਰ ਜੋ ਬਚਨ ਗੁਰੂ ਸਾਹਿਬ ਜੀ ਨੇ ਹਿੰਦੂ ਅਤੇ ਮੁਸਲਮਾਨਾ ਨੂੰ ਸੇਧ ਦੇਣ ਲਈ ਉਹਨਾਂ ਪਰਥਾਏ ਆਖੇ ਹਨ ਉਹ ਸਾਡੇ ਤੇ ਲਾਗੂ ਹੁੰਦੇ ਹੀ ਨਹੀਂ। ਅਸੀਂ ਜੋ ਮਰਜ਼ੀ ਕਰੀਏ?

**ਮੁਸਲਮਾਣੁ ਸੋਈ ਮਲੁ ਖੋਵੈ ॥ (ਪੰਨਾ ੬੬੨)**

ਫਿਰ ਤਾਂ ਕੇਵਲ ਮੁਸਲਮਾਨ ਹੀ ਮੈਲ ਦੂਰ ਕਰੇ ਕੀ ਸਾਨੂੰ ਮੈਲੇ ਕਰਮ ਕਰਨ ਦੀ ਛੋਟ ਹੈ?

**ਮੁਸਲਮਾਣੁ ਮੋਮ ਦਿਲਿ ਹੋਵੈ ॥ (ਪੰਨਾ ੧੦੮੩)**

ਫਿਰ ਤਾਂ ਕੇਵਲ ਮੁਸਲਮਾਨ ਹੀ ਮੋਮ ਦਿਲ ਹੋਣਾ ਚਾਹੀਦਾ ਕੀ ਸਾਨੂੰ ਅਖਬਾਰਾਂ ਵਿੱਚ ਆਪਣੇ ਗੁਰਸਿੱਖ ਭਾਈਆਂ ਦੀ ਕੁਪੱਤ ਕਰਨ ਦੀ ਖੁੱਲੀ ਛੋਟ ਹੈ?

ਪਿਆਰਿਓ, ਗੁਰੂ ਦਾ ਖੌਫ ਖਾਉ ਕਿਉਂ ਪੰਜਾਂ ਪਿਆਰਿਆਂ ਤੇ ਉਟੰਕਣਾ ਕਰਕੇ ਪਾਪਾਂ ਦੇ ਭਾਗੀਦਾਰ ਬਣ ਰਹੇ ਹੋ?

ਬਾਕੀ ਜਿਹਨਾਂ ਨੂੰ ਭੁਲੇਖਾ ਹੈ ਕਿ ਜਥੇਦਾਰ ਦੀ ਚੋਣ ਚਾਰ ਬੰਦਿਆਂ ਨੇ ਕੀਤੀ, ਪੰਜਾਂ ਪਿਆਰਿਆਂ ਨੇ ਨਹੀ ਤਾਂ ਉਹ ਆਪਣਾ ਭੁਲੇਖਾ ਅੰਤ ਵਿੱਚ ਦਿੱਤੀਆ ਤਸਵੀਰਾਂ ਦੇ ਦਰਸ਼ਨ ਕਰਕੇ ਦੂਰ ਕਰ ਲੈਣ। ਸੰਗਤ ਨੂੰ ਗੁੰਮਰਾਹ ਕਰਨਾ ਅਤੇ ਸੰਗਤ ਦਾ ਕੀਮਤੀ ਸਮਾਂ ਬਰਬਾਦ ਕਰਨਾ ਬੰਦ ਕਰਨ।

ਖੈਰ! ਲਿਖਣੇ ਨੂੰ ਬਹੁਤ ਕੁੱਝ ਲਿਖਿਆ ਜਾ ਸਕਦਾ ਹੈ ਪਰ ਹੁਣ ਸਿਰਫ ਇੰਨੇ ਤੱਾਂ ਹੀ ਕਾਫੀ ਹਨ। ਇਹਨਾਂ ਕਾਰਨਾਂ ਕਰਕੇ ਹੀ ਕਮੇਟੀ ਤੋਂ ਮਨ ਖੱਟਾ ਹੋ ਚੁੱਕਾ ਸੀ ਜਿਸ ਕਰਕੇ ਪਿਛਲੇ ਸਾਲ ਦਾਸ ਨੇ ਖਿਮਾ ਮੰਗ ਲਈ ਸੀ। ਇਸ ਤਰ੍ਹਾਂ ਲੱਗ ਰਿਹਾ ਸੀ ਕਿ 31 ਮੈਂਬਰੀ ਦਾ ਏਜੰਡਾ ਹੋਰ ਕੁੱਝ ਨਹੀਂ ਸਿਰਫ ਜਥੇਦਾਰ ਜੀ ਨੂੰ ਜ਼ਲੀਲ ਕਰਨ ਦਾ ਹੀ ਰਹਿ ਗਿਆ ਹੈ। ਬਾਕੀ ਸਭ ਦੇ ਸਾਹਮਣੇ ਹੀ ਹੈ ਕਿਵੇਂ ਇਹਨਾਂ ਕਮੇਟੀ ‘ਤੇ ਕਾਬਜ਼ ਰਹਿ ਕੇ ਇਸਦਾ ਭੋਗ ਪਾਉਣ ਦਾ ਕੰਮ ਆਪ ਹੀ ਕਰ ਦਿੱਤਾ ਹੈ। ਕਮੇਟੀ ਨਫਰਤ ਹੀ ਪੈਦਾ ਕਰ ਰਹੀ ਹੈ। ਜੱਥੇ ਦੇ ਦਿੱਲੀ ਸਮਾਗਮ ‘ਤੇ ਪੁਲਿਸ ਦਾ ਆਉਣਾ ਖਤਰੇ ਦੀ ਘੰਟੀ ਹੈ। ਸੰਭਲਣ ਵਾਲੇ ਬਚ ਜਾਣਗੇ ਨਹੀਂ ਤਾਂ ਖੁਆਰੀ ਹੀ ਪੱਲੇ ਪੈਣੀ ਹੈ। ਗੁਰੂ ਸਾਹਿਬ ਸਾਨੂੰ ਸਮੱਤ ਬਖਸ਼ਣ।

ਤਜ਼ਰਬਾ ਇਹੀ ਦਸਦਾ ਹੈ ਸੰਗਤ ਆਪਣੇ ਲੋਕਲ ਪੱਧਰ ਹੀ ਤੇ ਸੁਚਾਰੂ ਪ੍ਰਬੰਧ ਕਰਨ। ਬਾਹਰੋਂ ਕਿਸੇ ਕਮੇਟੀ ਦੀ ਲੋੜ ਹੀ ਨਾ ਪਵੇ। ਵੱਧ ਤੋਂ ਵੱਧ ਨਾਮ-ਬਾਣੀ ਦੀ ਰਹਿਤ-ਰਹਿਣੀ ਵੱਲ ਧਿਆਨ ਦੇਈਏ। ਬਾਕੀ ਗੁਰੂ ਜਾਣੇ।

ਭੁੱਲ ਚੁੱਕ ਦੀ ਖਿਮਾਂ।
ਖ਼ਾਲਸਾ ਪੰਥ ਦੀ ਚੜਦੀ ਕਲਾ ਨੂੰ ਲੋਚਦਾ,

ਦਾਸਰਾ,
ਜਸਜੀਤ ਸਿੰਘ
ਨਿਊ ਜਰਸੀ
੧੭ ਅੱਸੂ, ੫੫੪
1 ਅਕਤੂਬਰ, 2022

ਚਿੱਤਰ ਅਤੇ ਤਸਵੀਰਾਂ ਅਗਲੇ ਪੰਨਿਆ ‘ਤੇ-

ੴ ਵਾਹਿਗੁਰੂ ਜੀ ਕੀ ਫ਼ਤਹਿ

# ਅਖੰਡ ਕੀਰਤਨੀ ਜਥਾ ( ਰਜਿ.)

# Akhand Kirtani Jatha (Regd.)

## ਪ੍ਰੈਸ ਨੋਟ

ਵਾਹਿਗੁਰੂਜੀਕਾਖਾਲਸਾ ਵਾਹਿਗੁਰੂਜੀਕੀਫ਼ਤਹਿ॥

ਸੰਮੂਹ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਸੰਗਤਾਂ ਦੀ ਜਾਣਕਾਰੀ ਹਿਤ ਦਸਿਆ ਜਾਂਦਾ ਹੈ ਕਿ ਅਖੰਡ ਕੀਰਤਨੀ ਜਥੇ ਦੀ ੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ ਦੀ ਮੀਟਿੰਗ ਅੱਜ ਮਿਤੀ ੨੮ ਸਤੰਬਰ ੨੦੨੨ ਨੂੰ ਹੋਈ। ਇਸ ਮੀਟਿੰਗ ਵਿੱਚ ਅਖੰਡ ਕੀਰਤਨੀ ਜਥੇ ਦੇ ਮੁੱਖ ਸੇਵਾਦਾਰ ਭਾਈ ਬਖਸ਼ੀਸ਼ ਸਿੰਘ ਜੀ ਵੱਲੋਂ ਪਿਛਲੇ ਸਾਲ ੪ ਸਤੰਬਰ ੨੦੨੧ ਨੂੰ ਚੰਡੀਗੜ੍ਹ ਸਮਾਗਮ ਤੇ ਹੋਈ ੩੧ ਮੈਂਬਰੀ ਕਮੇਟੀ ਵੱਲੋਂ ਅਧਿਕਾਰਿਤ ੧੧ ਮੈਂਬਰਾਂ ਦੀ ਮੀਟਿੰਗ ਦੌਰਾਨ ਮੁੱਖ ਸੇਵਾਦਾਰ ਦੀ ਜਿਮੇਵਾਰੀ ਤੋਂ ਸੇਵਾ ਮੁਕਤ ਹੋਣ ਲਈ ਇਕ ਸਾਲ ਦੇ ਸਮੇਂ ਦੀ ਜੋ ਮੰਗ ਕੀਤੀ ਸੀ ਅਤੇ ਜਿਸ ਨੂੰ ਮੈਂਬਰਾਂ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਸੀ ਉਹ ਸਮਾਂ ੪ ਸਤੰਬਰ ੨੦੨੨ ਨੂੰ ਪੂਰਾ ਹੋ ਗਿਆ ਸੀ ਅਤੇ ਇਸ ਵਿਸ਼ੇ ਤੇ ਸਮੂਹ ਹਾਜ਼ਰ ਮੈਂਬਰਾਂ ਵੱਲੋਂ ਗੰਭੀਰ ਵਿਚਾਰਾਂ ਉਪਰੰਤ ਸਰਬ ਸੰਮਤੀ ਨਾਲ ਭਾਈ ਬਖਸ਼ੀਸ਼ ਸਿੰਘ ਜੀ ਨੂੰ ਜਥੇ ਦੇ ਮੁੱਖ ਸੇਵਾਦਾਰ ਦੀ ਸੇਵਾ ਤੋਂ ਤੁਰੰਤ ਪ੍ਰਭਾਵ ਤੋਂ ਮੁਕਤ ਕਰਨ ਦਾ ਫ਼ੈਸਲਾ ਲਿਆ ਗਿਆ। ਇਹ ਵੀ ਫ਼ੈਸਲਾ ਹੋਇਆ ਕਿ ਜਦੋਂ ਤੱਕ ਅਖੰਡ ਕੀਰਤਨੀ ਜਥੇ ਦੇ ਅਗਲੇ ਮੁੱਖ ਸੇਵਾਦਾਰ ਦੀ ਚੋਣ ਨਹੀਂ ਹੋ ਜਾਂਦੀ, ਉਦੋਂ ਤੱਕ ਜਥੇ ਦੇ ਕੰਮ ਕਾਜ ਨੂੰ ਦੇਖਣ ਲਈ ੧੧ ਮੈਂਬਰੀ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜੋ ੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ ਦੀ ਅਗਵਾਈ ਹੇਠ ਕੰਮ ਕਰੇਗੀ। ਇਸ ਵਿਚ ਹੇਠ ਲਿਖੇ ਮੈਂਬਰ ਸਾਮਿਲ ਕੀਤੇ ਜਾਂਦੇ ਹਨ:

੧. ਭਾਈ ਅਵਤਾਰ ਸਿੰਘ ਮਲੀਆਂ
੨. ਭਾਈ ਰਾਜਿੰਦਰ ਪਾਲ ਸਿੰਘ ਮੁਹਾਲੀ
੩. ਭਾਈ ਸੋਹਣ ਸਿੰਘ ਨਵਾਂ ਪਿੰਡ
੪. ਭਾਈ ਬਲਦੇਵ ਸਿੰਘ ਅੰਬਾਲਾ
੫. ਭਾਈ ਸਤਿਨਾਮ ਸਿੰਘ ਫਗਵਾੜਾ
੬. ਭਾਈ ਅਰਵਿੰਦਰ ਸਿੰਘ ਰਾਜਾ ਦਿੱਲੀ
੭. ਭਾਈ ਦਲੀਪ ਸਿੰਘ ਦਿੱਲੀ
੮. ਭਾਈ ਗੁਰਚਰਨ ਸਿੰਘ ਲੁਧਿਆਣਾ
੯. ਭਾਈ ਗੁਰਮੀਤ ਸਿੰਘ ਅਨੰਦਪੁਰ ਸਾਹਿਬ
੧੦. ਭਾਈ ਧਨਵੰਤ ਸਿੰਘ ਅਮ੍ਰਿਤਸਰ
੧੧. ਭਾਈ ਇੰਦਰਜੀਤ ਸਿੰਘ ਦਿਆਲਪੁਰ

ਇਹ ਸੰਮੂਹ ਸੰਗਤਾਂ ਦੀ ਜਾਣਕਾਰੀ ਹਿਤ ਹੈ।

ਦਾਸਰੇ: (ਰਾਜਿੰਦਰਪਾਲ ਸਿੰਘ) ਮੁੱਖ ਬੁਲਾਰਾ
੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ
ਅਖੰਡ ਕੀਰਤਨੀ ਜਥਾ॥

ਮਿਤੀ: ੨੮ ਸਤੰਬਰ ੨੦੨੨

AKJ WORLDWIDE
**Rangeley Sajjan Memorial Charitable Trust (Regd.), Chowk Baba Sahib, Shri Amritsar**
EMAIL akjworldwide@akj.org
WEB SITE www.akj.org
YOUTUBE akj.org
FACEBOOK www.facebook.com/AkhandKeertaneeJathaa
INSTAGRAM www.instagram.com/akjdotorg

(ਚਿੱਤਰ ੧)

e-mail:- rangleysajjantrust@gmail.com M. 99159-37011, 93166-10166, 0183-5064934

# ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

## Akhand Kirtani Jatha International (Regd.)

ਰੰਗਲੇ ਸੱਜਨ ਮਿਮੋਰਿਅਲ ਚੈਰੀਟੇਬਲ ਟਰੱਸਟ (ਰਜਿ.), ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ, ਪੰਜਾਬ

HEAD OFFICE:- RANGLEY SAJJAN MEMORIAL CHARITABLE TRUST (REGD.), CHOWNK BABA SAHIB, SRI AMRITSAR, PUNJAB

ਮੁੱਖ ਸੇਵਾਦਾਰ :- ਭਾਈ ਬਖ਼ਸ਼ੀਸ਼ ਸਿੰਘ

Ref No. ....................

Date ਵੀਰਵਾਰ, ੧੫ ਅੱਸੂ, ੫੫੪
29 ਸਤੰਬਰ, 2022

ਗੁਰੂ ਸਵਾਰੇ ਖ਼ਾਲਸਾ ਜੀ ਅਤੇ ਸਮੂਹ ਅਖੰਡ ਕੀਰਤਨੀ ਜੱਥਾ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੱਲੋਂ ਕੀਤੀ ਨਾਮ ਕਮਾਈ ਅਤੇ ਰਹਿਤ-ਰਹਿਣੀ ਸਦਕਾ ਅਨੇਕਾਂ ਹੀ ਪ੍ਰਾਣੀ ਤੱਤ ਗੁਰਮਤਿ ਦੇ ਧਾਰਨੀ ਹੋਏ ਹਨ, ਜਿਨ੍ਹਾ ਨੇ ਪੰਥ ਦੀ ਚੜ੍ਹਦੀ ਕਲਾ ਲਈ ਜਾਨਾਂ ਵਾਰ ਕੇ ਵੀ ਸੇਵਾ ਕੀਤੀ ਹੈ। ਅਖੰਡ ਕੀਰਤਨੀ ਜਥਾ ਗੁਰਮਤਿ ਕਮਾਉਣ ਵਾਲੇ ਸਿੰਘ-ਸਿੰਘਣੀਆ ਦਾ ਸਮੂਹ ਹੈ। ਜਿਸ ਵਿੱਚ ਰਾਜਸੀ ਚਾਲਾਂ ਲਈ ਕੋਈ ਥਾਂ ਹੀ ਨਹੀਂ ਹੈ। ਕੁਟਿਲ ਰਾਜਨੀਤੀ ਦਾ ਪ੍ਰੇਰਿਆ ਹੋਇਆ, ਆਰ. ਪੀ. ਸਿੰਘ ਦੇ ਦਸਤਖਤ ਹੇਠ ਜਾਰੀ ਕੀਤਾ, ਅਖੌਤੀ 31 ਮੈਂਬਰੀ ਵਿਸ਼ਵ ਵਿਆਪੀ ਕਮੇਟੀ ਦੀ ਸਹਿਮਤੀ ਵਾਲਾ ਇੱਕ ਪੱਤਰ ਸ਼ੋਸਲ ਮੀਡੀਆ 'ਤੇ ਪਾਇਆ ਗਿਆ ਹੈ। ਜਿਸ ਵਿੱਚ ਇਹ ਜ਼ਿਕਰ ਕੀਤਾ ਹੈ ਕਿ ਦਾਸ ਨੂੰ ਸੇਵਾ ਮੁਕਤ ਕੀਤਾ ਜਾਂਦਾ ਹੈ। ਇਸ ਪਾਈ ਗਈ ਦੁਬਿਧਾ ਪ੍ਰਤੀ ਦਾਸ ਨੂੰ ਦੇਸ਼-ਵਿਦੇਸ਼ 'ਚੋਂ ਜੱਥੇ ਨਾਲ ਸਬੰਧਤ ਸੰਗਤਾਂ ਦੇ ਫੋਨ ਆ ਰਹੇ ਹਨ, ਕਿ ਇਸ ਬਾਰੇ ਸਥਿਤੀ ਸਪੱਸ਼ਟ ਕੀਤੀ ਜਾਵੇ। ਇਸ ਲਈ ਇਹ ਪੱਤਰ ਆਪ ਜੀ ਦੀ ਜਾਣਕਾਰੀ ਹਿੱਤ ਜਾਰੀ ਕਰ ਰਿਹਾ ਹਾਂ।

ਜੱਥੇ ਉੱਤੇ ਹਾਵੀ ਹੋ ਰਹੀ ਇਸ ਰਾਜਨੀਤਿਕ ਜੁੰਡਲੀ ਵਲੋਂ ਜੱਥੇ ਨੂੰ ਖੇਰੂੰ-ਖੇਰੂੰ ਕਰਨ ਦੀ ਹਰਕਤ ਕੋਈ ਪਹਿਲੀ ਵਾਰ ਨਹੀਂ ਕੀਤੀ ਗਈ ਹੈ। ਕਈ ਵਾਰ ਪਹਿਲਾਂ ਵੀ ਇਹ ਅਸਫਲ ਯਤਨ ਕੀਤੇ ਜਾ ਚੁੱਕੇ ਹਨ ਜੋ ਕਿ ਗੈਰ ਸਿਧਾਂਤਿਕ ਅਤੇ ਜਥੇ ਦੇ ਅਸੂਲਾਂ ਦੇ ਵਿਪਰੀਤ ਹਨ।

ਪਿਛਲੇ ਕਈ ਸਾਲਾਂ ਤੋਂ ਇਹ ਅਖੌਤੀ ਕਮੇਟੀਆਂ ਬਣਾ ਕੇ ਜਥੇ ਦਾ ਪ੍ਰਬੰਧ ਚਲਾਉਣ ਦਾ ਦਾਅਵਾ ਕਰਦੇ ਆ ਰਹੇ ਹਨ ਪਰ ਸੰਗਤ ਨੇ ਇਹਨਾ ਦੀਆਂ ਕੁਟਿਲ ਚਾਲਾਂ ਨੂੰ ਸਦਾ ਹੀ ਨਕਾਰਿਆ ਹੈ। ਖਾਸ ਕਰਕੇ ਪਿਛਲੇ ਸਾਲ ਦਿੱਲੀ ਸਮਾਗਮ ਤੇ ਵੀ ਇਹਨਾਂ ਨੇ 15 ਅਕਤੂਬਰ 2021 ਨੂੰ ਲੈਟਰ ਜਾਰੀ ਕਰਕੇ ਦਾਸ ਨੂੰ ਸੇਵਾ ਮੁਕਤ ਕਰਕੇ ਪੰਜ ਮੈਂਬਰੀ ਕਮੇਟੀ ਦੋ ਸਾਲ ਲਈ ਬਣਾਈ ਸੀ। ਇਸ ਲੈਟਰ ਵਿੱਚ ਕਿਹਾ ਗਿਆ ਸੀ ਕਿ ਅਸੀਂ ਜਥੇਦਾਰ ਦੇ ਅਧਿਕਾਰ ਵਾਪਸ ਲਏ ਸਨ। ਜਦੋਂ ਅਧਿਕਾਰ ਹੀ ਵਾਪਸ ਲੈ ਲਏ ਤਾਂ ਫਿਰ ਜਥੇਦਾਰ ਦਾ ਹੋਣਾ ਤਾਂ ਰਹਿ ਹੀ ਨਹੀਂ ਜਾਂਦਾ। ਇਸ ਕਰਕੇ 4 ਸਤੰਬਰ 2021 ਵਾਲੀ ਮੀਟਿੰਗ ਨੂੰ ਇਹਨਾਂ ਆਪ ਹੀ ਅਧਾਰਹੀਣ ਕਰ ਦਿੱਤਾ ਸੀ।

ਉਦੋਂ ਵੀ ਦਾਸ ਨੇ 19 ਅਕਤੂਬਰ 2021 ਨੂੰ ਵਿਸਥਾਰ ਸਹਿਤ ਇਕ ਪੱਤਰ ਜਾਰੀ ਕਰਕੇ ਸੰਗਤ ਨੂੰ ਸੁਚੇਤ ਕੀਤਾ ਸੀ। ਸੰਗਤਾਂ ਨੇ ਇਹਨਾਂ ਦੇ ਕਾਰਨਾਮੇ ਉਦੋਂ ਨਕਾਰ ਦਿੱਤੇ ਸਨ ਅਤੇ ਫਿਰ ਇਹ ਨਾ ਹੀ ਕੋਈ ਪੰਜ ਮੈਂਬਰੀ ਕਮੇਟੀ ਚਲਾ ਸਕੇ ਅਤੇ ਨਾ ਹੀ ਗੁਰਮਤਿ ਅਨੁਸਾਰੀ ਦਾਸਰੇ ਦੀ ਸੌਂਪੀ ਸੇਵਾ ਦੇ ਅਧਿਕਾਰ ਖੋ ਸਕੇ। ਆਹ ਹੁਣ ਨਵਾਂ ਸ਼ੋਸ਼ਾ ਛੱਡਿਆ ਗਿਆ ਹੈ ਕਿ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਨੂੰ ਸੇਵਾ ਮੁਕਤ ਕਰ ਦਿੱਤਾ ਹੈ। ਇਹ ਕਾਰਾ ਕੁੱਝ ਇੱਕ ਵਿਅਕਤੀਆਂ ਵੱਲੋਂ ਹਉਮੇ ਵੱਸ ਹੋ ਕੇ ਚੌਧਰ ਖਾਤਰ ਕੀਤਾ ਜਾ ਰਿਹਾ ਹੈ ਜਿਸ ਨਾਲ ਅਖੰਡ ਕੀਰਤਨੀ ਜਥੇ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ।

ਪਿਛਲੇ ਸਾਲ 19 ਅਕਤੂਬਰ 2021 ਦੇ ਪੱਤਰ ਵਿੱਚ ਵਿਸਥਾਰ ਦਿੱਤਾ ਹੋਇਆ ਹੈ, ਪਰ ਫਿਰ ਵੀ ਦਾਸ ਨੂੰ ਅਖੰਡ ਕੀਰਤਨੀ ਜੱਥੇ ਦੇ ਮੁੱਖ ਸੇਵਾਦਾਰ (ਜਥੇਦਾਰ) ਵਜੋਂ ਸੇਵਾ ਕਿਵੇਂ ਸੌਂਪੀ ਗਈ, ਇਸਦਾ ਸੰਖੇਪ ਪਿਛੋਕੜ ਦੇਣਾ ਜ਼ਰੂਰੀ ਸਮਝਦਾ ਹਾਂ। 21-22 ਦਸੰਬਰ 2008 ਨੂੰ ਸਤਿਕਾਰਯੋਗ ਭਾਈ ਸੂਰਤ ਸਿੰਘ 'ਪੂਰਨ' ਜੀ ਗੁਰਪੁਰੀ ਪਿਆਨਾ ਕਰ ਗਏ ਸਨ। ਪੂਰਨ ਜੀ ਨੂੰ ਜਥੇਦਾਰੀ ਦੀ ਸੇਵਾ ਵੀ ਦਿੱਤੀ ਹੋਈ ਸੀ। ਜਥੇ ਦੀ ਚੜਦੀ ਕਲਾ ਲਈ ਪੂਰਨ ਜੀ ਦੇ ਦਾਹ ਸਸਕਾਰ ਤੋਂ ਬਾਅਦ ਗਿਆਰਾਂ ਮੈਂਬਰੀਂ ਕਮੇਟੀ ਦੀ ਮੀਟਿੰਗ ਸ੍ਰੀ ਅੰਮ੍ਰਿਤਸਰ ਵਿਖੇ ਭਾਈ ਹਰਿਮਹਿੰਦਰਪਾਲ ਸਿੰਘ (ਐਚ. ਪੀ. ਸਿੰਘ) ਦੇ ਮਕਾਨ ਵਿਖੇ ਹੋਈ। ਇਸ ਮੀਟਿੰਗ ਵਿੱਚ ਦਾਸ ਨੂੰ ਜਥੇਦਾਰ ਦੀ ਸੇਵਾ 'ਤੇ ਲਾਉਣ ਦਾ ਫੈਸਲਾ ਲਿਆ ਗਿਆ। ਦਾਸ ਜਥੇਦਾਰੀ ਦੀ ਸੇਵਾ ਕਰਨ ਦਾ ਬਿਲਕੁਲ ਵੀ ਇਛੁੱਕ ਨਹੀਂ ਸੀ ਔਰ ਆਪਣੀ ਅਸਹਿਮਤੀ ਵੀ ਪ੍ਰਗਟਾਈ ਪਰ ਇਸਦੇ ਬਾਵਜੂਦ ਵੀ ਸੇਵਾ ਸੌਂਪ ਦਿੱਤੀ ਗਈ।



(ਚਿੱਤਰ ੨, ਭਾਗ੧)

ਜਥੇਦਾਰ ਦੀ ਚੋਣ ਨੂੰ 28 ਦਸੰਬਰ, ਪੂਰਨ ਜੀ ਦੀ ਅੰਤਮ ਅਰਦਾਸ ਸਮਾਗਮ ਤੱਕ ਗੁਪਤ ਰੱਖਣ ਦਾ ਫੈਸਲਾ ਵੀ ਕੀਤਾ ਗਿਆ। ਪਰ ਕਿਸੇ ਕਾਰਨ ਕਿਸੇ ਵਲੋਂ ਇਹ ਗੱਲ ਬਾਹਰ ਚਲੇ ਗਈ । 28 ਦਸੰਬਰ ਸਵੇਰ ਨੂੰ ਕਰੀਬ 8-9 ਵਜੇ ਇਕ ਸਿੰਘ ਨੇ ਕਿਸੇ ਕਾਰਨ ਭਾਈ ਮੋਹਕਮ ਸਿੰਘ ਲੁਧਿਆਣਾ ਨਾਲ ਅੰਮ੍ਰਿਤਸਰ ਵਿਖੇ ਧੱਕਾ-ਮੁੱਕੀ ਕੀਤੀ। ਤਾਂ ਇਹ ਸਭ ਦੇਖ ਕੇ ਦਾਸ ਦਾ ਮਨ ਬਹੁਤ ਦੁਖੀ ਹੋਇਆ ਅਤੇ ਮਨੋ ਮਨੀ ਫੈਸਲਾ ਕੀਤਾ ਕਿ ਜਥੇਦਾਰੀ ਦੀ ਸੇਵਾ ਨਹੀਂ ਲੈਣੀ । ਭਾਵੇਂ ਕਿ 26 ਦਸੰਬਰ ਨੂੰ ਵੀ ਆਪਣਾ ਨਾਮ ਵਾਪਸ ਕਰਨ ਲਈ ਬੇਨਤੀ ਕੀਤੀ ਸੀ, ਪਰ ਉਹ ਨਾਮੰਨਜ਼ੂਰ ਕਰ ਦਿੱਤੀ ਗਈ ਸੀ । ਦਾਸ ਵਲੋਂ ਜਥੇਦਾਰੀ ਦੀ ਸੇਵਾ ਨਾ ਲੈਣ ਨੂੰ ਭਾਂਪਦਿਆਂ ਹੋਇਆ ਭਾਈ ਨਿਰਮਲਬੀਰ ਸਿੰਘ, ਭਾਈ ਪ੍ਰਣਾਮ ਸਿੰਘ ਸਮੇਤ ਪੰਜ ਸਿੰਘਾਂ ਨੇ ਮੈਨੂੰ ਕਮਰੇ ਵਿੱਚ ਬੁਲਾ ਕੇ ਸੇਵਾ ਕਰਨ ਲਈ ਹੁਕਮ ਰੂਪੀ ਬਚਨ ਕੀਤੇ ਅਤੇ ਕਿਹਾ ਕਿ ਇਥੋਂ ਕਿਤੇ ਨਹੀਂ ਜਾਉਂਗੇ।

31 ਦਸੰਬਰ 2008 ਨੂੰ ਰੰਗਲੇ ਸੱਜਣ ਟਰੱਸਟ ਸ੍ਰੀ ਅੰਮ੍ਰਿਤਸਰ ਵਿਖੇ ਸਮਾਗਮ ਦੌਰਾਨ ਗੁਰੂ ਸਾਹਿਬ ਜੀ ਦੀ ਹਜ਼ੂਰੀ ਅੰਦਰ ਅਤੇ ਸੰਗਤਾਂ ਦੀ ਹਾਜ਼ਰੀ ਅੰਦਰ ਦਾਸ ਦੀ ਦਸਤਾਰਬੰਦੀ ਕੀਤੀ ਗਈ । ਦਸਤਾਰਬੰਦੀ ਤੋਂ ਪਹਿਲਾਂ 9 ਵਜੇ ਦੇ ਕਰੀਬ ਪੰਚਾਂ (ਪੰਜਾਂ ਪਿਆਰਿਆਂ) ਦੇ ਸਮਾਗਮ ਵਿੱਚ ਦਾਸ ਦੀ ਪੇਸ਼ੀ ਹੋਈ ਅਤੇ ਸੇਵਾ ਕਰਨ ਦਾ ਹੁਕਮ ਲੱਗਿਆ। ਗੁਰੂ ਰੂਪ ਪੰਚਾਂ ਦਾ ਹੁਕਮ ਸਿਰ ਮੱਥੇ ਮੰਨਦੇ ਹੋਏ ਦਾਸ ਦਸਤਾਰਬੰਦੀ ਸਮਾਗਮ ਵਿੱਚ ਸ਼ਾਮਲ ਹੋ ਗਿਆ। ਭਾਈ ਸਾਹਿਬ ਭਾਈ ਜੀਵਨ ਸਿੰਘ ਜੀ ਸਮੇਤ ਨਾਮ ਬਾਣੀ ਵਾਲੀਆਂ ਅਨੇਕਾਂ ਰੂਹਾਂ ਨੇ ਦਾਸ ਨੂੰ ਅਸੀਸ ਰੂਪੀ ਸਿਰੋਪੇ ਭੇਂਟ ਕੀਤੇ।

28 ਦਸੰਬਰ ਨੂੰ ਸਿੰਘਾਂ ਦੀ ਧੱਕਾ ਮੁੱਕੀ ਦਾ ਵਾਕਿਆ ਹੋਇਆ ਸੀ ਇਸ ਕਰਕੇ ਇਹਨਾਂ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ, ਜੋ ਕਿ ਹਫਤੇ ਕੁ ਤੱਕ ਆ ਰਹੇ ਸਨ, ਨੂੰ ਅਲੱਗ ਅਲੱਗ ਮਨਾਉਣ ਦਾ ਫੈਸਲਾ ਕਰ ਲਿਆ ਸੀ। ਲੁਧਿਆਣੇ ਵਾਲਿਆਂ ਤਾਂ ਸੈਂਟਰਲ ਸਮਾਗਮ ਲੁਧਿਆਣੇ ਕਰਨਾ ਸੀ, ਪਰ ਅੰਮ੍ਰਿਤਸਰ ਵੱਲ ਦੀਆਂ ਸੰਗਤਾ ਅੰਮ੍ਰਿਤਸਰ ਕਰਨ ਤੇ ਦ੍ਰਿੜ ਸਨ। ਦਾਸ ਨੂੰ ਇਸ ਗੱਲ ਦਾ ਭਲੀਭਾਂਤ ਪਤਾ ਲੱਗ ਚੁੱਕਾ ਸੀ। ਦਸਤਾਰਬੰਦੀ ਹੋਣ ਤੋਂ ਬਾਅਦ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਦਾਸ ਨੇ ਇਹ ਐਲਾਨ ਕੀਤਾ ਕਿ ਦਸਮ ਪਾਤਸ਼ਾਹ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦਾ ਸਮਾਗਮ ਇੱਕ ਹੀ ਹੋਵੇਗਾ ਅਤੇ ਚਲਦੇ ਆ ਰਹੇ ਸਥਾਨ ਲੁਧਿਆਣਾ ਵਿਖੇ ਹੀ ਹੋਵੇਗਾ। ਮਹਾਰਾਜ ਜੀ ਦੀ ਕਲਾ ਵਰਤੀ, ਸੰਗਤਾਂ ਨੇ ਜ਼ੋਰਦਾਰ ਜੈਕਾਰਿਆਂ ਨਾਲ ਇਸਦੀ ਸਹਿਮਤੀ ਪ੍ਰਗਟ ਕੀਤੀ।

ਜਿਹੜੇ ਹਉਮੈਂ ਨਾਲ ਗ੍ਰਸਤ ਲੋਕ ਹੁਣ ਆਖਦੇ ਨੇ ਕਿ ਜਥੇਦਾਰ ਸਾਡੀ ਮਰਜ਼ੀ ਨਾਲ ਚੱਲੇ ਕੀ ਉਹਨਾਂ ਨੂੰ ਪਤਾ ਨਹੀਂ ਸੀ ਦਾਸ ਨੇ ਜਥੇਦਾਰ ਬਣਦਿਆਂ ਹੀ ਏਕਤਾ ਲਈ ਸੰਗਤ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਇਕੱਲੇ ਹੀ ਐਲਾਨ ਕਰ ਦਿੱਤਾ ਸੀ। ਜੇਕਰ ਇਹਨਾਂ ਨੂੰ ਪੁੱਛਣ ਬੈਠ ਜਾਂਦੇ ਤਾਂ ਸਮਾਗਮ ਇੱਕ ਨਹੀਂ ਸੀ ਹੋ ਸਕਣਾ। ਉਹ ਦਿਨ ਅਤੇ ਅੱਜ ਦੇ ਦਿਨ ਤੱਕ ਦਾਸ ਗੁਰਮਤਿ ਨੂੰ ਪਹਿਲ ਦੇ ਕੇ ਸੰਗਤ ਦੇ ਵਿਚਾਰ ਸੁਣ ਕੇ ਸੇਵਾ ਕਰਦਾ ਆ ਰਿਹਾ ਹੈ। ਇਸੇਤਰ੍ਹਾਂ ਹੀ ਹੋਰ ਸੈਂਟ੍ਰਲ ਸਮਾਗਮ ਵੀ ਇੱਕ ਕੀਤੇ। ਪਹਿਲੇਂ ਦਿਨ ਤੋਂ ਹੀ ਇਸ ਗੱਲ ਨੂੰ ਹੀ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਚਲਾਏ ਇਸ ਜੱਥੇ ਨੂੰ ਗੁਰਮਤਿ ਲੀਹਾਂ ਤੇ ਹੀ ਰੱਖਿਆ ਜਾਵੇ। ਆ ਰਹੀਆਂ ਢਿੱਲਾ ਦੂਰ ਕੀਤੀਆਂ ਜਾਣ। ਕਈਆ ਵਲੋਂ ਅੜਚਣਾ ਖੜੀਆ ਹੁੰਦੀਆਂ ਦੇਖ ਦਾਸ ਨੇ ਸਤੰਬਰ 2010 ਵਿੱਚ ਪੰਚਾਂ ਦੇ ਪੇਸ਼ ਹੋ ਕੇ ਸੇਵਾ ਕਰਨ ਤੋਂ ਅਸਮਰੱਥਾ ਪ੍ਰਗਟ ਕੀਤੀ। ਪਰ ਪੰਚਾਂ ਨੇ ਸੇਵਾ ਜਾਰੀ ਰੱਖਣ ਦਾ ਹੁਕਮ ਕੀਤਾ। ਦਾਸ ਨੇ ਜਿਥੇ ਤੱਕ ਹੋ ਸਕਿਆ ਗੁਰਮਤਿ ਮਰਯਾਦਾ ਦੀ ਪਹਿਲ ਹੀ ਰੱਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜਥੇ ਦੀ ਏਕਤਾ ਨੂੰ ਧਿਆਨ ਵਿੱਚ ਰੱਖਦਿਆਂ ਜੋ ਵੀ ਸੇਵਾ ਨਿਭਾ ਸਕਿਆ ਕਰ ਰਿਹਾ ਹਾਂ।


ਹੁਣ ਦਾਸ ਨੂੰ ਧੋਖੇ ਵਿਚ ਰੱਖ ਕੇ ਭਾਈ ਆਰ. ਪੀ. ਸਿੰਘ ਨੇ ਜੋ ਚਿੱਠੀ ਜਾਰੀ ਕੀਤੀ ਹੈ ਉਸਤੇ ਸਵਾਲ ਖੜ੍ਹੇ ਹੋ ਰਹੇ ਹਨ ਕਿ ਜਦ 31 ਮੈਂਬਰੀ ਕਮੇਟੀ ਵਾਲੇ ਅਖੌਤੀ ਅਧਿਕਾਰ ਵਾਪਸ ਲੈਣ ਵਾਲੀ ਚਿੱਠੀ ਕੱਢ ਚੁੱਕੇ ਸਨ ਤਾਂ ਹੁਣ ਦਾਸ ਦੇ ਕੀ ਦੋਸ਼ ਹਨ? ਕੀ ਇਹ ਜੁੰਡਲੀ ਪੰਜਾਂ ਪਿਆਰਿਆਂ ਤੋਂ ਆਪਣੇ ਆਪ ਨੂੰ ਉਪਰ ਸਮਝਦੀ ਹੈ? ਜਿਸ ਕਮੇਟੀ ਦਾ ਜ਼ਿਕਰ ਚਿੱਠੀ ਵਿੱਚ ਕੀਤਾ ਗਿਆ ਹੈ ਨਾ ਤਾਂ ਉਹ ਪੰਚਾਂ ਵਲੋਂ ਥਾਪੀ ਗਈ ਹੈ ਅਤੇ ਨਾ ਹੀ ਸੰਗਤ ਵੱਲੋਂ। ਇਸ ਲਈ ਇਸ ਕਮੇਟੀ ਦਾ ਕੋਈ ਅਧਿਕਾਰ ਨਹੀਂ ਹੈ ਕਿ ਕਿਸੇ ਨੂੰ ਸੇਵਾ ਮੁਕਤ ਕਰ ਸਕਣ। ਦਾਸ ਨੂੰ ਸੰਗਤਾਂ ਵੱਲੋਂ ਸਮੇਂ ਸਮੇਂ ਉੱਤੇ ਅਖੌਤੀ 31 ਮੈਂਬਰੀ ਪ੍ਰਤੀ ਸ਼ਿਕਾਇਤਾਂ ਆਉਂਦੀਆਂ ਸਨ ਕਿ ਕਿਸ ਤਰ੍ਹਾਂ ਇਸ ਅਖੌਤੀ ਕਮੇਟੀ ਵੱਲੋਂ ਜਥੇ ਵਿੱਚ ਪਾੜਾ ਪਾਇਆ ਜਾ ਰਿਹਾ ਹੈ ਅਤੇ ਦਾਸ ਨੂੰ ਕਿਹਾ ਜਾਂਦਾ ਸੀ ਕਿ ਇਹ ਕਮੇਟੀ ਭੰਗ ਹੋਣੀ ਚਾਹੀਦੀ ਹੈ। ਸੰਗਤਾਂ ਦਾਸ ਨੂੰ ਇਹ ਪੁੱਛਦੀਆਂ ਹਨ ਕਿ ਹੁਣ ਤੱਕ ਇਸ ਅਖੌਤੀ ਕਮੇਟੀ ਦੀ ਅਖੰਡ ਕੀਰਤਨੀ ਜਥੇ ਵਿੱਚ ਦੁਬਿਧਾ ਖੜ੍ਹੀ ਕਰਨ ਤੋਂ ਇਲਾਵਾ ਕੀ ਦੇਣ ਹੈ?

ਅਖੰਡ ਕੀਰਤਨੀ ਜਥੇ ਦੇ ਜਥੇਦਾਰ ਦੀਆਂ ਸੇਵਾਵਾਂ ਪ੍ਰਤੀ ਰਾਜਨੀਤੀ ਤੋਂ ਪ੍ਰੇਰਿਤ ਕਿਸੇ ਵੀ ਫੈਸਲੇ ਅਤੇ ਆਰ. ਪੀ, ਸਿੰਘ ਦੇ ਦਸਤਖਤਾਂ ਹੇਠ ਜਾਰੀ ਅਯੋਗ ਚਿੱਠੀ ਜਿਹੜੀ ਕਿ ਪੰਜਾਂ ਪਿਆਰਿਆਂ ਦੀ ਹੁਕਮ-ਅਦੂਲੀ ਕਰ ਰਹੀ ਹੈ, ਉਹ ਰੱਦ ਕੀਤੀ ਜਾਂਦੀ ਹੈ। ਦਾਸ ਬੇਨਤੀ ਕਰਦਾ ਹੈ ਕਿ ਜਥੇ ਦੀ ਸੰਗਤ ਸਿਰ ਜੋੜ ਕੇ ਬੈਠੇ, ਕਿਸੇ ਵਿਵਾਦ ਵਿੱਚ ਨਾ ਪਵੇ। ਜੱਥੇ ਦੀ ਇਕਜੁਟਤਾ ਲਈ ਗੁਰਮਤਿ ਅਨੁਸਾਰੀ ਸਰਬ ਸੰਮਤੀ ਨਾਲ ਕੀਤੇ ਫੈਸਲੇ ਨੂੰ ਦਾਸ ਲੋਚਦਾ ਹੈ ਤਾਂ ਕਿ ਚੌਧਰਾਂ ਚਮਕਾਉਣ ਦੀ ਇਸ ਨਵੀਂ ਪ੍ਰਪਾਟੀ ਨੂੰ ਰੋਕਿਆ ਜਾ ਸਕੇ।

ਦਾਸਰਾ,



(ਚਿੱਤਰ ੨, ਭਾਗ੨)



ੴ ਵਾਹਿਗੁਰੂ ਜੀ ਕੀ ਫ਼ਤਹਿ

# ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ

# Akand Kirtani Jatha International

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫ਼ਤਹ।।

ਗੁਰੂ ਪਿਆਰਿਓ,

ਅੱਜ ਤਰੀਕ ੧੫ ਅਕਤੂਬਰ ੨੦੨੧,ਦਿਨ ਸ਼ੁੱਕਰਵਾਰ ਨੂੰ ਵਿਸ਼ਵ ਵਿਆਪੀ ੩੧ ਮੈਂਬਰੀ ਕਮੇਟੀ ਦੇ ਇੰਡੀਆ ਦੇ ਮੈਂਬਰਾਂ ਦੀ ਇਕ ਮੀਟਿੰਗ ਖਾਲਸਾ ਕਾਲਜ ਦੇਵ ਨਗਰ ਨਵੀਂ ਦਿੱਲੀ ਵਿਖੇ ਹੋਈ। ਇਸ ਮੀਟਿੰਗ ਵਿੱਚ ਹੇਠ ਲਿਖੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ:

੧. ਭਾਈ ਕਰਮ ਸਿੰਘ ਜੀ ਟਾਂਡਾ
੨. ਭਾਈ ਅਵਤਾਰ ਸਿੰਘ ਜੀ ਮੰਗੀਆਂ
੩. ਭਾਈ ਬਲਦੇਵ ਸਿੰਘ ਜੀ ਅੰਬਾਲਾ
੪. ਭਾਈ ਸਤਿਨਾਮ ਸਿੰਘ ਜੀ ਫਗਵਾੜਾ
੫. ਭਾਈ ਇੰਦਰਜੀਤ ਸਿੰਘ ਜੀ ਇਆਲਪੁਰ
੬. ਭਾਈ ਸੋਹਣ ਸਿੰਘ ਜੀ ਗੁਰਦਾਸਪੁਰ
੭. ਭਾਈ ਰਜਿੰਦਰ ਪਾਲ ਸਿੰਘ ਜੀ ਮੁਹਾਲੀ
੮. ਭਾਈ ਅਰਵਿੰਦਰ ਸਿੰਘ ਜੀ ਦਿੱਲੀ
੯. ਭਾਈ ਦਵਿੰਦਰ ਸਿੰਘ ਜੀ ਜੰਮੂ

ਭਾਈ ਸੁਖਬੀਰ ਸਿੰਘ ਜੀ ਸਿਹਤ ਢਿੱਲੀ ਹੋਣ ਕਰਕੇ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ ਪਰ ਉਹਨਾਂ ਨੇ ਮੈਂਬਰਾਂ ਵਲੋਂ ਲਏ ਗਏ ਫੈਸਲੇ ਨਾਲ ਸਹਿਮਤੀ ਦਿੱਤੀ। ਭਾਈ ਅਮਰੀਕ ਸਿੰਘ ਬਠਿੰਡਾ ਨੇ ਵੀ ਫੋਨ ਤੇ ਇਸ ਫੈਸਲੇ ਨਾਲ ਸਹਿਮਤੀ ਪ੍ਰਗਟ ਕੀਤੀ।

ਇਸ ਮੀਟਿੰਗ ਵਿੱਚ ਹੋਰ ਮੁਦਿਆਂ ਤੋਂ ਇਲਾਵਾ, ਇਕ ਜ਼ਰੂਰੀ ਮੁੱਦਾ ਭਾਈ ਬਖਸ਼ੀਸ਼ ਸਿੰਘ ਜੀ ਵਲੋਂ ਇਕੱਲੇ ਆਪਣੇ ਤੌਰ ਤੇ ਲਏ ਗਏ ਕੁਝ ਜ਼ਰੂਰੀ ਫੈਸਲਿਆਂ ਦਾ ਵੀ ਸੀ। ਮੈਂਬਰਾਂ ਦਾ ਵਿਚਾਰ ਸੀ ਕਿ ੪ ਸਤੰਬਰ ੨੦੨੧ ਨੂੰ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਜੋ ਫੈਸਲੇ ਲਏ ਗਏ ਸਨ, ਉਹਨਾਂ ਦੀ ਉਹਨਾਂ ਵਲੋਂ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਗਈ। ਜਿਵੇਂ ਕਿ ਉਸ ਮੀਟਿੰਗ ਵਿੱਚ ਭਾਈ ਬਖਸ਼ੀਸ਼ ਸਿੰਘ ਜੀ ਨੇ ਜਥੇਦਾਰੀ ਦੀ ਸੇਵਾ ਤੋਂ ਮੁਕਤ ਹੋਣ ਦੀ ਇਛਾ ਪ੍ਰਗਟਾਈ ਸੀ ਪਰ ਨਾਲ ਹੀ ਇਸ ਲਈ ਕੁਝ ਸਮਾਂ ਦੇਣ ਲਈ ਬੇਨਤੀ ਕੀਤੀ ਸੀ ਜੋ ਕਿ ਸਾਰੇ ਮੈਂਬਰਾਂ ਵਲੋਂ ਪਰਵਾਨ ਕਰ ਲਿਆ ਗਿਆ ਸੀ। ਭਾਈ ਬਖਸ਼ੀਸ਼ ਸਿੰਘ ਜੀ ਨੇ ਭਰੋਸਾ ਦਿਵਾਇਆ ਸੀ ਕਿ ਅੱਜ ਤੋਂ ਬਾਅਦ ਉਹ ਉਥੇ ਹਾਜ਼ਰ ੩੧ ਮੈਂਬਰੀ ਕਮੇਟੀ ਦੇ ੧੧ ਮੈਂਬਰਾਂ ਦੀ ਸਲਾਹ ਦੇ ਬਗੈਰ ਕੋਈ ਫੈਸਲਾ ਨਹੀਂ ਲੈਣਗੇ। ਨਾਲ ਹੀ ਉਹਨਾਂ ਵਲੋਂ ਬੇਨਤੀ ਕੀਤੀ ਗਈ ਸੀ ਕਿ ਉਹਨਾਂ ਨੂੰ ਸਲਾਹਕਾਰ ਦੇ ਰੂਪ ਵਿਚ ਭਾਈ ਅਵਤਾਰ ਸਿੰਘ ਜੀ ਮੰਗੀਆਂ ਦੀ ਲੋੜ ਹੈ ਜੋ ਕਿ ਮੈਂਬਰਾਂ ਵਲੋਂ ਪਰਵਾਨ ਕਰ ਲਈ ਗਈ। ਮੈਂਬਰਾਂ ਵੱਲੋਂ ਮਹਿਸੂਸ ਕੀਤਾ ਗਿਆ ਕਿ ਭਾਈ ਸਾਹਿਬ ਵਲੋਂ ਚੰਡੀਗੜ੍ਹ ਮੀਟਿੰਗ ਦੌਰਾਨ ਕੀਤੇ ਗਏ ਬਚਨਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਗਈ ਅਤੇ ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਫੈਸਲਾ ਕੀਤਾ ਗਿਆ ਕਿ ਭਾਈ ਬਖਸ਼ੀਸ਼ ਸਿੰਘ ਜੀ ਨੂੰ ਜਥੇਦਾਰ ਦੇ ਰੂਪ ਵਿੱਚ ਦਿੱਤੇ ਗਏ ਸਾਰੇ ਅਧਿਕਾਰ ਵਾਪਸ ਲਏ ਜਾਣ ਅਤੇ ਅੱਜ ਤੋਂ ਬਾਅਦ ਉਹ ਇਹਨਾਂ ਅਧਿਕਾਰਾਂ ਦੀ ਵਰਤੋਂ ਨਹੀਂ ਕਰਨਗੇ। ਅਖੰਡ ਕੀਰਤਨੀ ਜਥੇ ਦੇ ਕੰਮ ਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ ਦੀ ਸਰਪ੍ਰਸਤੀ ਹੇਠ ਇੱਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜਿਸ ਦਾ ਕਾਰਜਕਾਲ ਦੋ ਸਾਲ ਦਾ ਹੋਵੇਗਾ। ਇਸ ਕਮੇਟੀ ਵਿੱਚ ਹੇਠ ਲਿਖੇ ਸਿੰਘਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ:


੧. ਭਾਈ ਅਵਤਾਰ ਸਿੰਘ ਜੀ ਮੰਗੀਆਂ
੨. ਭਾਈ ਰਜਿੰਦਰ ਪਾਲ ਸਿੰਘ ਚੰਡੀਗੜ੍ਹ
੩. ਭਾਈ ਸੋਹਣ ਸਿੰਘ ਜੀ ਗੁਰਦਾਸਪੁਰ
੪. ਭਾਈ ਸਤਨਾਮ ਸਿੰਘ ਜੀ ਫਗਵਾੜਾ
੫. ਭਾਈ ਅਰਵਿੰਦਰ ਸਿੰਘ ਜੀ ਦਿੱਲੀ

Rangeley Sajjan Memorial
Charitable Trust (Regd.), Chowk
Baba Sahib,
Shri Amritsar

EMAIL akjworldwide@akj.org
WEB SITE www.akj.org
YOUTUBE akj.org
FACEBOOK www.facebook.com/AkhandKeertaneeJathaa
INSTAGRAM www.instagram.com/akjdotorg

AKJ WORLDWIDE

(ਚਿੱਤਰ ੩)



## ਦੁਬਿਧਾ ਦੂਰ ਹੋ ਗਈ

ਜਿਨ੍ਹਾਂ ਪੁਰਾਤਨ ਸਿੰਘਾਂ ਨੇ 5-12-93 ਦੀ ਮੀਟਿੰਗ ਅੰਮ੍ਰਿਤਸਰ ਬੁਲਾਈ ਸੀ, ਉਨ੍ਹਾਂ ਵਲੋਂ 5-1-94 ਨੂੰ ਭਾਈ ਰਣਧੀਰ ਸਿੰਘ ਅਕੈਡਮੀ ਲੁਧਿਆਣਾ ਵਿਖੇ ਪੰਚਾਇਣ ਰੂਪ ਵਿਚ ਸਮਾਗਮ ਰਚਿਆ ਗਿਆ, ਜਿਸ ਵਿਚ ਜਥੇਦਾਰ ਸਾਹਿਬ, ਮੀਤ ਜਥੇਦਾਰ ਅਤੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਨੂੰ ਤਲਬ ਕੀਤਾ ਗਿਆ। ਉਸ ਵਿਚ ਪੰਚਾਇਣ ਵਲੋਂ ਹੇਠ ਲਿਖਿਆ ਫ਼ੈਸਲਾ ਦਿਤਾ ਗਿਆ–

"ਅੱਜ ਮਿਤੀ 5-1-94 ਨੂੰ ਲੁਧਿਆਣਾ ਵਿਖੇ ਅਖੰਡ ਕੀਰਤਨੀ ਜਥੇ ਦੇ ਪੰਜ ਪਿਆਰਿਆਂ ਦਾ ਸਮਾਗਮ, ਜਥੇ ਵਿਚ ਪਈ ਦੁਬਿਧਾ ਨੂੰ ਦੂਰ ਕਰਨ ਲਈ ਹੋਇਆ। ਉਸ ਵਿਚ ਜਥੇਦਾਰ ਸਾਹਿਬ ਭਾਈ ਰਾਮ ਸਿੰਘ ਜੀ ਨੇ ਹਾਜ਼ਰ ਹੋ ਕੇ ਆਪਣਾ ਸਪੱਸ਼ਟੀਕਰਨ ਦਿਤਾ ਅਤੇ ਵਚਨ ਦਿਤਾ ਕਿ ਜਥੇ ਨਾਲ ਸੰਬੰਧਤ ਸਾਰੇ ਮਹੱਤਵ-ਪੂਰਨ ਕਾਰਜਾਂ ਵਿਚ ਅਗੇ ਤੋਂ ਪੁਰਾਤਨ ਸੂਝਵਾਨ ਗੁਰਸਿੱਖਾਂ ਦੀ ਰਾਇ ਬਗੈਰ ਕੋਈ ਫ਼ੈਸਲਾ ਨਹੀਂ ਕਰਨਗੇ।

ਪੰਜਾਂ ਪਿਆਰਿਆਂ ਵਲੋਂ ਮੌਜੂਦਾ ਸਲਾਹਕਾਰ ਬੋਰਡ ਭੰਗ ਕਰ ਦਿਤਾ ਗਿਆ ਹੈ।


ਜਥੇਦਾਰ ਸਾਹਿਬ ਦਾ ਸਪੱਸ਼ਟੀਕਰਨ ਸੁਣ ਕੇ ਅਤੇ ਉਹਨਾਂ ਵਲੋਂ ਦਿਤੇ ਵਚਨ ਦੇ ਅਧਾਰ ਤੇ ਪੰਜਾਂ ਪਿਆਰਿਆਂ ਨੇ ਸਭਨਾਂ ਨੂੰ ਦੁਬਿਧਾ ਦੂਰ ਕਰਨ ਦਾ ਆਦੇਸ਼ ਦਿਤਾ ਅਤੇ ਸਾਰਿਆਂ ਨੇ ਉਹਨਾਂ ਦੇ ਹੁਕਮ ਅਗੇ ਸਿਰ ਨਿਵਾ ਦਿਤਾ।

ਹੁਕਮ ਹੋਇਆ ਕਿ ਅਗੇ ਤੋਂ ਅਖੰਡ ਕੀਰਤਨੀ ਜਥੇ ਸੰਬੰਧੀ ਕੋਈ ਬਿਆਨ ਜਾਂ ਖ਼ਬਰ ਅਖ਼ਬਾਰਾਂ (ਪ੍ਰੈਸ) ਨੂੰ ਦੇਣ ਦਾ ਕਿਸੇ ਨੂੰ ਹੱਕ ਹਾਸਲ ਨਹੀਂ।"

ਸਹੀ–ਬਲਬੀਰ ਸਿੰਘ, ਹਰਿਚਰਨ ਸਿੰਘ (ਚੰਡੀਗੜ੍ਹ), ਹਰਚਰਨ ਸਿੰਘ (ਅੰਬਾਲਾ ਛਾ:)
ਤਾਰਾ ਸਿੰਘ (ਲੁਧਿਆਣਾ), ਜੋਧ ਸਿੰਘ (ਦਿਲੀ)।

(ਚਿੱਤਰ ੪)

ਜਥੇਦਾਰ ਜੀ ਦੇ ਚੋਣ ਸਮਾਗਮ ਦੀਆਂ ਕੁੱਝ ਇੱਕ ਤਸਵੀਰਾਂ




ਜੁਗੋ ਜੁਗ ਅਟੱਲ ਦੀਨ ਦੁਨੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ।



ਗੁਰੂ ਸਵਾਰੇ ਪੰਜ ਪਿਆਰੇ ਖੁੱਲੇ ਦਰਸ਼ਨ ਬਖਸ਼ਦੇ ਹੋਏ।



ਭਾਈ ਜੀਵਨ ਸਿੰਘ ਜੀ ਅਖੰਡ ਕੀਰਤਨ ਕਰਦੇ ਹੋਏ।



ਭਾਈ ਮਾਨ ਸਿੰਘ ਜੀ ਅਰਦਾਸ ਕਰਦੇ ਹੋਏ।



ਭਾਈ ਜੀਵਨ ਸਿੰਘ ਜੀ ਸਿਰੋਪਾਉ ਦੀ ਅਸੀਸ ਬਖਸ਼ਦੇ ਹੋਏ।






ਮਹਾਂਪੁਰਸ਼ਾਂ ਵਲੋਂ ਆਈ ਅਸੀਸ






ਜਥੇ ਦੀਆਂ ਫੌਜਾਂ





ਬਾਬਾ ਲਾਭ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਵਾਲਿਆਂ ਤਰਫੋਂ ਅਸੀਸ



ਮਾਸਟਰ ਭਾਈ ਜਸਵੰਤ ਸਿੰਘ ਜੀ ਸ੍ਰੀ ਅੰਮ੍ਰਿਤਸਰ ਜਿਹਨਾਂ ੧੯੬੯ ਵਾਲੇ ਹੁਕਮਾਂ ਵੇਲੇ ਪੰਚਾਂ ਦੀ ਸੇਵਾ ਨਿਭਾਈ



ਬੰਗਾ-ਨਵਾਂਸ਼ਹਿਰ ਇਲਾਕੇ ਦੀ ਸੰਗਤ ਵਲੋਂ ਅਸੀਸ ਬਖਸ਼ਦੇ ਹੋਏ ਭਾਈ ਤ੍ਰਿਲੋਚਨ ਸਿੰਘ ਜੀ

**ਪੰਥ ਖ਼ਾਲਸਾ ਭਯੋ ਪੁਨੀਤਾ ਪ੍ਰਭ ਆਗਿਆ ਕਰ ਉਦਤ ਭਏ ॥**

***(ਸ੍ਰੀ ਦਸਮੇਸ਼ ਜੀ)***

- ਸੰਪੂਰਨੰ -